**ਪ੍ਰਧਾਨ ਮੰਤਰੀ ਅਤੇ ਮਹਾਮਹਿਮ ਸ਼ਾਹ ਅਬਦੁੱਲਾ II ਨੇ ਭਾਰਤ-ਜੌਰਡਨ ਵਪਾਰਕ ਮੰਚ ਨੂੰ ਸੰਬੋਧਿਤ ਕੀਤਾ (16 ਦਸੰਬਰ, 2025)**

16 ਦਸੰਬਰ 2025

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਮਹਾਮਹਿਮ ਸ਼ਾਹ ਅਬਦੁੱਲਾ II ਨੇ ਅੱਜ ਅੱਮਾਨ ਵਿੱਚ ਭਾਰਤ-ਜੌਰਡਨ ਵਪਾਰਕ ਮੰਚ ਨੂੰ ਸੰਬੋਧਿਤ ਕੀਤਾ। ਮੰਚ ਵਿੱਚ HRH ਕ੍ਰਾਊਨ ਪ੍ਰਿੰਸ ਹੁਸੈਨ ਅਤੇ ਜੌਰਡਨ ਦੇ ਵਪਾਰ ਅਤੇ ਉਦਯੋਗ ਮੰਤਰੀ ਅਤੇ ਨਿਵੇਸ਼ ਮੰਤਰੀ ਵੀ ਸ਼ਾਮਲ ਹੋਏ। ਮਹਾਮਹਿਮ ਅਤੇ ਪ੍ਰਧਾਨ ਮੰਤਰੀ ਨੇ ਦੋਵਾਂ ਦੇਸ਼ਾਂ ਦੇ ਵਪਾਰਾਂ ਵਿਚਕਾਰ ਆਪਸੀ ਸਬੰਧਾਂ ਨੂੰ ਵਧਾਉਣ ਦੇ ਮਹੱਤਵ ਨੂੰ ਸਵੀਕਾਰ ਕੀਤਾ ਅਤੇ ਸੰਭਾਵਨਾਵਾਂ ਅਤੇ ਮੌਕਿਆਂ ਨੂੰ ਵਿਕਾਸ ਅਤੇ ਖੁਸ਼ਹਾਲੀ ਵਿੱਚ ਬਦਲਣ ਲਈ ਦੋਵਾਂ ਧਿਰਾਂ ਦੇ ਸਨਅਤਕਾਰਾਂ ਨੂੰ ਸੱਦਾ ਦਿੱਤਾ। ਮਹਾਮਹਿਮ ਨੇ ਕਿਹਾ ਕਿ ਦੱਖਣੀ ਏਸ਼ੀਆ ਅਤੇ ਪੱਛਮੀ ਏਸ਼ੀਆ ਅਤੇ ਇਸ ਤੋਂ ਪਰੇ ਵੀ ਇੱਕ ਆਰਥਿਕ ਗਲਿਆਰਾ ਬਣਾਉਣ ਲਈ ਜੌਰਡਨ ਦੇ ਸੁਤੰਤਰ ਵਪਾਰ ਸਮਝੌਤੇ ਅਤੇ ਭਾਰਤ ਦੀ ਆਰਥਿਕ ਸ਼ਕਤੀ ਨੂੰ ਜੋੜਿਆ ਜਾ ਸਕਦਾ ਹੈ।

2. ਮੰਚ ਨੂੰ ਸੰਬੋਧਿਤ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ ਜੌਰਡਨ ਅਤੇ ਭਾਰਤ ਗੂੜ੍ਹੇ ਸਭਿਆਚਾਰਕ ਸੰਬੰਧਾਂ ਦੀ ਮਜ਼ਬੂਤ ਨੀਂਹ 'ਤੇ ਬਣੀ ਇੱਕ ਜੀਵੰਤ ਸਮਕਾਲੀ ਸਾਂਝੇਦਾਰੀ ਨੂੰ ਸਾਂਝਾ ਕਰਦੇ ਹਨ। ਉਨ੍ਹਾਂ ਨੇ ਮਹਾਮਹਿਮ ਦੀ ਅਗਵਾਈ ਦੀ ਸ਼ਲਾਘਾ ਕੀਤੀ ਜਿਸ ਦੇ ਤਹਿਤ ਜੌਰਡਨ ਬਾਜ਼ਾਰਾਂ ਅਤੇ ਖੇਤਰਾਂ ਨੂੰ ਜੋੜਨ ਵਾਲਾ ਪੁੱਲ ਬਣ ਗਿਆ ਹੈ, ਅਤੇ ਕਾਰੋਬਾਰ ਅਤੇ ਤਰੱਕੀ ਨੂੰ ਉਤਸ਼ਾਹਿਤ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਅਗਲੇ 5 ਸਾਲਾਂ ਵਿੱਚ ਜੌਰਡਨ ਨਾਲ ਦੁਵੱਲੇ ਵਪਾਰ ਨੂੰ ਦੁੱਗਣਾ ਕਰਕੇ US$5 ਅਰਬ ਤੱਕ ਪਹੁੰਚਾਉਣ ਦਾ ਪ੍ਰਸਤਾਵ ਦਿੱਤਾ. ਦੁਨਿਆ ਵਿੱਚ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦੀ ਰਾਹ 'ਤੇ ਸਭ ਤੋਂ ਤੇਜ਼ੀ ਨਾਲ ਅੱਗੇ ਵੱਧ ਰਹੀ ਪ੍ਰਮੁੱਖ ਅਰਥਵਿਵਸਥਾ ਵਜੋਂ ਭਾਰਤ ਦੀ ਸਫਲਤਾ ਨੂੰ ਉਜਾਗਰ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੇ ਜੌਰਡਨ ਅਤੇ ਪੂਰੇ ਵਿਸ਼ਵ ਵਿਚਲੇ ਆਪਣੇ ਸਾਂਝੇਦਾਰਾਂ ਲਈ ਬੇਅੰਤ ਵਪਾਰਕ ਮੌਕੇ ਪ੍ਰਦਾਨ ਕੀਤੇ ਹਨ। ਉਨ੍ਹਾਂ ਜੌਰਡਨ ਦੀਆਂ ਕੰਪਨੀਆਂ ਨੂੰ ਭਾਰਤ ਨਾਲ ਸਾਂਝੇਦਾਰੀ ਕਰਨ ਅਤੇ ਆਪਣੇ 1.4 ਅਰਬ ਉਪਭੋਗਤਾ ਬਾਜ਼ਾਰ, ਇਸ ਦੇ ਮਜ਼ਬੂਤ ਨਿਰਮਾਣ ਅਧਾਰ ਅਤੇ ਇਸ ਦੇ ਟਿਕਾਊ, ਪਾਰਦਰਸ਼ੀ 'ਤੇ ਅਨੁਮਾਨਯੋਗ ਨੀਤੀਗਤ ਮਾਹੌਲ ਦਾ ਲਾਭ ਉਠਾਉਣ ਲਈ ਸੱਦਾ ਦਿੱਤਾ. ਪ੍ਰਧਾਨ ਮੰਤਰੀ ਨੇ ਕਿਹਾ ਕਿ ਦੋਵੇਂ ਦੇਸ਼ ਦੁਨਿਆ ਲਈ ਭਰੋਸੇਮੰਦ ਸਪਲਾਈ ਚੇਨ ਪਾਰਟਨਰ ਬਣਨ ਲਈ ਹੱਥ ਮਿਲਾ ਸਕਦੇ ਹਨ। ਭਾਰਤੀ ਅਰਥਵਿਵਸਥਾ ਦੇ 8% ਤੋਂ ਵੱਧ ਵਾਧੇ ਦਾ ਜ਼ਿਕਰ ਕਰਦਿਆਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਉਤਪਾਦਕਤਾ-ਅਧਾਰਿਤ ਸ਼ਾਸਨ ਅਤੇ ਨਵੀਨਤਾ-ਅਧਾਰਿਤ ਨੀਤੀਆਂ ਦਾ ਨਤੀਜਾ ਸੀ.

3. ਪ੍ਰਧਾਨ ਮੰਤਰੀ ਨੇ ਡਿਜ਼ੀਟਲ ਜਨਤਕ ਬੁਨਿਆਦੀ ਢਾਂਚੇ, IT, ਫਿਨਟੈੱਕ, ਹੈਲਥ-ਟੈਕ ਅਤੇ ਐਗਰੀ-ਟੈਕ ਦੇ ਖੇਤਰਾਂ ਵਿੱਚ ਭਾਰਤ-ਜੌਰਡਨ ਕਾਰੋਬਾਰੀ ਸਹਿਯੋਗ ਦੇ ਮੌਕਿਆਂ 'ਤੇ ਵੀ ਚਾਨਣਾ ਪਾਇਆ ਅਤੇ ਦੋਵਾਂ ਦੇਸ਼ਾਂ ਦੇ ਸਟਾਰਟ-ਅੱਪ ਨੂੰ ਇਨ੍ਹਾਂ ਖੇਤਰਾਂ ਵਿੱਚ ਹੱਥ ਮਿਲਾਉਣ ਲਈ ਸੱਦਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਫਾਰਮਾ ਅਤੇ ਮੈਡੀਕਲ ਉਪਕਰਣਾਂ ਦੇ ਸੈਕਟਰਾਂ ਵਿੱਚ ਭਾਰਤ ਦੀ ਤਾਕਤ ਅਤੇ ਜੌਰਡਨ ਦੀ ਭੂਗੋਲਿਕ ਸਥਿਤੀ ਇੱਕ-ਦੂਜੇ ਦੇ ਪੂਰਕ ਬਣ ਸਕਦੇ ਹਨ ਅਤੇ ਇਨ੍ਹਾਂ ਖੇਤਰਾਂ ਵਿੱਚ ਪੱਛਮੀ ਏਸ਼ੀਆ ਅਤੇ ਅਫਰੀਕਾ ਲਈ ਜੌਰਡਨ ਨੂੰ ਇੱਕ ਭਰੋਸੇਯੋਗ ਕੇਂਦਰ ਬਣਾ ਸਕਦੇ ਹਨ। ਉਨ੍ਹਾਂ ਖੇਤੀਬਾੜੀ, ਕੋਲਡ ਚੇਨ, ਫੂਡ ਪਾਰਕ, ਖਾਦ, ਬੁਨਿਆਦੀ ਢਾਂਚਾ, ਆਟੋਮੋਬਾਈਲ, ਹਰਿਤ ਗਤੀਸ਼ੀਲਤਾ ਅਤੇ ਵਿਰਾਸਤ ਅਤੇ ਸੱਭਿਆਚਾਰਕ ਸੈਰ-ਸਪਾਟੇ ਦੇ ਖੇਤਰਾਂ ਵਿੱਚ ਦੋਵੇਂ ਧਿਰਾਂ ਲਈ ਵਪਾਰਕ ਮੌਕਿਆਂ 'ਤੇ ਵੀ ਚਾਨਣਾ ਪਾਇਆ। ਭਾਰਤ ਦੀਆਂ ਹਰਿਤ ਪਹਿਲਕਦਮੀਆਂ ਬਾਰੇ ਦੱਸਦੇ ਹੋਏ, ਪ੍ਰਧਾਨ ਮੰਤਰੀ ਨੇ ਨਵਿਆਉਣਯੋਗ ਊਰਜਾ,

ਹਰਿਤ ਵਿੱਤਪੋਸ਼ਣ, ਖਾਰੇ ਪਾਣੀ ਦੀ ਸੋਧ ਅਤੇ ਪਾਣੀ ਦੀ ਮੁੜ ਵਰਤੋਂ ਦੇ ਖੇਤਰਾਂ ਵਿੱਚ ਭਾਰਤ-ਜੌਰਡਨ ਵਿਚਕਾਰ ਵਧੇਰੇ ਵਪਾਰਕ ਸਹਿਯੋਗ ਕਰਨ ਦਾ ਸੁਝਾਅ ਦਿੱਤਾ। ਪ੍ਰਧਾਨ ਮੰਤਰੀ ਦਾ ਪੂਰਾ ਭਾਸ਼ਣ ਇੱਥੇ ਦੇਖਿਆ ਜਾ ਸਕਦਾ ਹੈ [Link]।

4. ਇਸ ਮੰਚ ਵਿੱਚ ਦੋਵੇਂ ਦੇਸ਼ਾਂ ਦੇ ਬੁਨਿਆਦੀ ਢਾਂਚੇ, ਸਿਹਤ, ਫਾਰਮਾ, ਖਾਦ, ਖੇਤੀਬਾੜੀ, ਨਵਿਆਉਣਯੋਗ ਊਰਜਾ, ਕੱਪੜਾ, ਲੌਜਿਸਟਿਕਸ, ਆਟੋਮੋਬਾਈਲ, ਊਰਜਾ, ਰੱਖਿਆ ਅਤੇ ਨਿਰਮਾਣ ਦੇ ਖੇਤਰਾਂ ਦੇ ਵੱਡੇ ਕਾਰੋਬਾਰੀਆਂ ਨੇ ਵੀ ਹਿੱਸਾ ਲਿਆ. ਵਫ਼ਦ ਵਿੱਚ FICCI ਅਤੇ ਜੌਰਡਨ ਚੈਂਬਰ ਆਫ ਕਾਮਰਸ ਦੇ ਪ੍ਰਤੀਨਿਧੀ ਵੀ ਸ਼ਾਮਲ ਸਨ, ਜਿਨ੍ਹਾਂ ਵਿਚਕਾਰ ਵਪਾਰ ਅਤੇ ਆਰਥਿਕ ਸਹਿਯੋਗ ਨੂੰ ਉਤਸ਼ਾਹਤ ਕਰਨ ਲਈ ਪਹਿਲਾਂ ਤੋਂ ਹੀ ਇੱਕ ਸਮਝੌਤਾ (MoU) ਹੋ ਚੁੱਕਾ ਹੈ।

ਅੱਮਾਨ

16 ਦਸੰਬਰ 2025